## ਸ੍ਰੀਮਾਨ ਸੰਤ ੧੦੮ ਬਾਬਾ ਹੀਰਾ ਸਿੰਘ ਜੀ ਹੈੱਡ ਪੁਜਾਰੀ

ੴ ਗੁਰੂ ਨਾਨਕ ਤੇ ਆਦਿ ਲੈ ਭਏ ਜੋ ਦਸ ਔਤਾਰ ॥
ਸੋ ਤੁਮ੍ਰੀ ਰੱਛਿਆ ਕਰੇ ਪਲਕ ਨ ਲਾਗੇ ਬਾਰ ॥

ਧੰਨ ਧੰਨ ਬਾਬਾ ਕਰਮ ਸਿੰਘ ਜੀ ਤੇਰੀ ਸਦਾ ਹੀ ਜੈ। ਏਕ ਦਫ਼ਾ ਬਾਹਰੋਂ ਆਈਆਂ ਸੰਗਤਾਂ ਨੇ ਹਜ਼ੂਰ ਸਾਹਿਬ ਵਿੱਚ ਮਹਾਰਾਜ ਜੀ ਦੇ ਭਾਣਾ ਵਰਤਾਵਨ ਦਾ ਪ੍ਰਸੰਗ ਸਰਵਣ ਦੀ ਇੱਛਾ ਪ੍ਰਗਟ ਕੀਤੀ ਕਿ 'ਸੁਣਿਆ ਕਿ ਦਸ਼ਮੇਸ਼ ਪਿਤਾ ਜੀ ਪ੍ਰਲੋਕ ਗਵਨ ਕਰਨ ਦਾ ਕੁਛ ਦਿਨ ਪਹਿਲਾਂ ਹੀ ਐਲਾਨ ਕੀਤਾ ਸੀ। ਇਹ ਪ੍ਰਸੰਗ ਸਾਨੂੰ ਪੂਰਾ ਸੁਨਾਉ ।' ਉਸ ਵਕਤ ਪੁੱਛਨ ਵਾਲੇ ਪ੍ਰੇਮੀ ਵ ਸੰਗਤ ਮਾਈ ਭਾਗੋ ਦੇ ਬੁੰਗੇ ਬੈਠੇ ਸਨ। ੧੦੮ ਪ੍ਰਮ ਪੂਜਯ ਹੈੱਡ ਪੁਜਾਰੀ ਬਾਬਾ ਹੀਰਾ ਸਿੰਘ ਜੀ ਤੋਂ ਪ੍ਰਸੰਗ ਸ੍ਰਵਨ ਕਰਨ ਦੀ ਤੀਬ੍ਰ ਇੱਛਾ ਹੋ ਰਹੀ ਸੀ। ਸ੍ਰੀਮਾਨ ਪੁਜਾਰੀ ਸਾਹਿਬ ਨੇ ਫ਼ੁਰਮਾਯਾ, 'ਭਾਈ ਪ੍ਰੇਮੀਓ, ਸਾਧ ਸੰਗਤ ਜੀ, ਕਲਗੀਧਰ ਦਸ਼ਮੇਸ਼ ਪਿਤਾ ਜੀ ਦੇ ਪ੍ਰਸੰਗ ਨੂੰ ਪੂਰਾ ਕੌਣ ਸੁਣਾ ਸਕਦਾ ਹੈ ? ਸ੍ਰੀ ਮੁਖਵਾਕ 'ਕਰਤੇ ਕੀ ਮਿਤਿ ਕਰਤਾ ਜਾਣੈ'[1], ਔਰ ਉਨ੍ਹਾਂ ਦੀ ਲੀਲਾ ਨੂੰ ਓਹੀ ਜਾਨੇ। ਮਹਾਰਾਜ ਨੇ ਅਪਨੇ ਮੁਖਵਾਕ ਬਾਣੀ ਚੌਪਈ ਵਿਚ ਫੁਰਮਾਇਆ ਹੈ, 'ਆਪੁ ਆਪੁਨੀ ਬੁਧਿ ਹੈ ਜੇਤੀ ॥ ਬਰਨਤ ਭਿੰਨ ਭਿੰਨ ਤੁਹਿ ਤੇਤੀ ॥'[2] ਸੋ ਆਓ ਸਾਧ ਸੰਗਤ ਜੀਓ, ਭਾਈ ਪ੍ਰੇਮੀਓ, ਅਸੀਂ ਅਪਨੇ ਰਸਨਾ ਨੂੰ ਪਵਿਤ੍ਰ ਕਰਦੇ ਹੋਏ ਮਹਾਰਾਜ ਜੀ ਦੇ ਪ੍ਰਸੰਗ ਕਰੀਏ, ਸੁਣੀਏ ਔਰ ਸੁਨਾਈਏ, ਕਿਉਂਕਿ ਮਹਾਰਾਜ ਜੀ ਦੀ ਆਗਿਆ ਹੈ, 'ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥[3] ' ਸੋ ਸਾਧ ਸੰਗਤ ਜੀ, ਜਿਸ ਵਕਤ ਕਲਗੀਧਰ ਮਹਾਰਾਜ ਜੀ ਨੇ ਨਗੀਨੇ ਘਾਟ ਤੋਂ ਤੀਰ ਚਲਾ ਕੇ ਤਪੁ ਅਸਥਾਨ ਪ੍ਰਗਟ ਕੀਤਾ ਸੀ, ਉਸੀ ਦਿਨ ਤੋਂ ਮਹਾਰਾਜ ਜੀ ਦਾ ਪੱਕਾ ਨਿਵਾਸ ਇਸੀ ਅਸਥਾਨ ਤੇ ਹੋ ਗਿਆ ਸੀ ਔਰ ਰੋਜ਼ ਦੋ ਟੈਮ ਦੀਵਾਨ ਲਗਦੇ ਸਨ ਔਰ ਦੂਰ ਦੂਰ ਤੋਂ ਸੰਗਤਾਂ ਆਪ ਦਰਸ਼ਨ ਕਰਕੇ ਮਨਬਾਂਛਤ ਫਲ ਪਾਂਵਦੇ ਸਨ ਔਰ ਕਲਗੀਧਰ ਦਸ਼ਮੇਸ਼ ਪਿਤਾ ਜੀ ਜਿਸ ਦਿਨ ਸ਼ਿਕਾਰ ਨਾ ਜਾਨਾ ਹੋਵੇ, ਉਸ ਦਿਨ ਆਪ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਦੀ ਕਥਾ ਸੰਗਤਾਂ ਨੂੰ ਸੁਨਾਉਂਦੇ ਸਨ। ਜੇ ਸ਼ਿਕਾਰ ਜਾਂਦੇ ਸਨ, ਤਾਂ ਚਉਰਾਸੀ ਲੱਖ ਜੀਵਾਂ ਦਾ ਉਧਾਰ ਕਰ ਆਉਂਦੇ ਸਨ, ਨਹੀਂ ਤਾਂ ਗੁਰਬਾਣੀ ਦੇ ਅਰਥਾਂ ਕਪਾਟ ਦੇਂਦੇ ਸਨ। ਕਈ ਸੁਣ ਕੇ ਬ੍ਰਹਮ ਗਿਆਨ ਵਿਚ ਅਸਥਿਤ ਹੋ ਗਏ ਸਨ, ਰਾਜਾ ਜਨਕ ਦੀ ਤਰ੍ਹਾਂ। ਪ੍ਰਮਾਣ ਵਜੋਂ, ਉਨ੍ਹਾਂ ਵਿੱਚੋਂ ਸ੍ਰੀ ਮਾਨ ਭਾਈ ਮਨੀ ਸਿੰਘ ਜੀ ਬੰਦ ਬੰਦ ਕਟਾਂਵਦੇ ਹੋਏ ਭੀ ਜਪੁਜੀ ਸਾਹਿਬ ਜੀ ਦਾ ਪਾਠ ਕਰ ਰਹੇ ਸਨ । ਓਸੇ ਤਰ੍ਹਾਂ ਰੋਜ਼-ਆਨਾ ਮਹਾਰਾਜ ਜੀਆਂ ਦਾ ਉਧਾਰ ਕਰਦੇ

---

[1] ਰਾਮਕਲੀ ਮਹਲਾ ੧ ਦਖਣੀ ਓਅੰਕਾਰੁ, ਪੰਨਾ ੯੩੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[2] ਪਖ਼ਯਾਨ ਚਰਿਤ੍ਰ, ਪੰਨਾ ੧੩੮੭, ਸ੍ਰੀ ਦਸਮ ਗ੍ਰੰਥ ਸਾਹਿਬ ਜੀ।

[3] ਰਾਮਕਲੀ ਕੀ ਵਾਰ, ਮਹਲਾ ੩, ਸਲੋਕ ਮਹਲਾ ੩, ਪੰਨਾ ੯੫੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਹੂਏ ਸਮਾਂ ਬੀਤਦਾ ਗਿਆ । ਏਕ ਦਿਨ ਬੜਾ ਭਾਰੀ ਦੀਵਾਨ ਸੱਜਿਆ ਸੀ । ਉਸ ਵਕਤ ਪੰਜਾਬ ਤੋਂ ਦੋ ਸਿੰਘ ਮਹਾਰਾਜ ਜੀ ਦੇ ਚਰਨਾਂ ਵਿੱਚ ਪਤ੍ਰਕਾ ਵ ਚਿੱਠੀ ਰੱਖ ਕੇ ਨਮਸਕਾਰ ਕੀਤੀ, ਜਿਸ ਦਾ ਖੁਲਾਸਾ ਵਰਨੰਨ ਪੀਛੇ ਕੀਤਾ ਜਾ ਚੁੱਕਾ ਹੈ । ਉਸ ਵਕਤ ਚਿੱਠੀ ਪੜ੍ਹ ਕੇ ਪੰਜਾਬ ਦੀ ਫ਼ਤ੍ਹੇ ਦੀ ਕਾਰਵਾਈ, ਸ੍ਰਬਤ ਖ਼ਾਲਸਾ ਖ਼ੁਸ਼ੀ ਮਨਾਈ ਸੀ ਔਰ ਦੀਪਮਾਲਾ ਕੀਤੀ ਸੀ ਵ ਮਹਿਲਾ ਖੇਡਿਆ ਸੀ । ਉਸ ਦੇ ਦੂਜੇ ਦਿਨ ਮਹਾਰਾਜ ਕਲਗੀਧਰ ਪਿਤਾ ਜੀ ਨੇ ਭਰੇ ਦਿਵਾਨ ਵਿਚ ਸੰਗਤਾਂ ਨੂੰ ਗਿਆਤ ਕਰਵਾਨ ਲਈ ਫੁਰਮਾਯਾ ਸੀ, 'ਸਾਧ ਸੰਗਤ ਜੀ ਔਰ ਸ੍ਰਬਤ ਖ਼ਾਲਸਾ ਜੀ, ਜੋ ਸਾਡੇ ਪਿਤਾ ਅਕਾਲ ਪੁਰਖੁ ਨੇ ਸਾਨੂੰ ਹੁਕਮ ਕੀਤਾ ਸੀ ਔਰ ਜੋ ਕੰਮ ਸਾਡੇ ਸਪੁਰਦ ਕੀਤਾ ਸੀ, ਵੋ ਅਕਾਲ ਪੁਰਖੁ ਔਰ ਗੁਰੂ ਨਾਨਕ ਨਿਰੰਕਾਰ ਦੀ ਮਹਾਨ ਕ੍ਰਿਪਾਲਤਾ ਦੁਵਾਰਾ ਪੂਰਾ ਹੋ ਚੁੱਕਾ ਹੈ । ਬਾਕੀ ਕੁੱਛ ਥੋੜਾ ਰਹਿ ਗਿਆ, ਸੋ ਪੰਥ ਖ਼ਾਲਸਾ ਆਪ ਕਰੇਗਾ । ਹੁਣਿ ਅਸਾਡਾ ਪੰਚਮੀ ਵਾਲੇ ਦਿਨ ਤਿਆਰੇ ਹਨ ।' ਏਹ ਬਚਨ ਸੁਨ ਕੇ ਸਾਰੀ ਸੰਗਤ ਸ਼ੋਕਮਈ ਸਮੁੰਦਰ ਵਿਚ ਗੋਤੇ ਖਾਨ ਲਗੀ । ਔਰ ਕਈ ਮੁਖੀਓ ਨੇ ਬੇਹਬਲ ਹਾਲਤ ਵਿਚ ਮਹਾਰਾਜ ਪਾਸ ਬੇਨਤੀ ਕੀਤੀ ਕਿ ਮਹਾਰਾਜ ਸਤਿਗੁਰ ਜੀਓ, ਖ਼ਾਲਸਾ ਪੰਥ ਨੂੰ, ਸੰਗਤ ਨੂੰ ਕਿਸ ਦੇ ਲੜ ਲਾ ਚੱਲੇ ਹੋ ? ਉਸ ਵਕਤ ਕਲਗੀਧਰ ਦਸ਼ਮੇਸ਼ ਪਿਤਾ ਜੀ ਨੇ ਸਭ ਸਮਗ੍ਰੀ ਗੁਰਤੇ ਗੱਦੀ ਤਿਲਕ ਦੇਨ ਦੀ ਮੰਗਾ ਕੇ, ਆਪ ਖੜੇ ਹੋ ਕੇ ਅਰਦਾਸ ਕੀਤਾ । ਪੰਜ ਪੈਸੇ, ਨਾਰਯਲ ਰੱਖ ਕੇ ਔਰ ਗੁਰੂ ਗ੍ਰਿੰਥ ਸਾਹਿਬ ਜੀ ਨੂੰ ਕੇਸਰ ਦਾ ਤਿਲਕ ਵ ਟੀਕਾ ਲਗਾ ਕੇ ਔਰ ਨਮਸ਼ਕਾਰ ਕੀਤਾ ਵ ਮੱਥਾ ਟੇਕਿਆ । ਪੰਜ ਪ੍ਰਕਰਮਾ ਕੀਤੀਆਂ ਔਰ ਖੜੇ ਹੋ ਕਰ ਸ੍ਰਬਤ ਸਾਧ ਸੰਗਤ ਪ੍ਰਤੀ ਏਹ ਹੁਕਮ ਫੁਰਮਾਇਆ : -

ਦੋਹਰਾ

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ।
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ ।
ਜੋ ਪ੍ਰਭ ਕੋ ਮਿਲਬੋ ਚਹਿ ਖੋਜ ਸਬਦ ਮੈ ਲੇਹੁ ।

ਉਸ ਟੈਮ ਤੇ ਕਲਗੀਧਰ ਦਸ਼ਮੇਸ਼ ਪਿਤਾ ਜੀ ਨੇ ਆਪ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਦਾ ਮੁਖਵਾਕ ਲੀਆ : -

ਸੂਹੀ ਮਹਲਾ ੫ ॥ ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥ ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥ ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ ਪੁਤ ਭਾਈ ਸਿਖ ਬਿਗਾਸੇ ॥ ਗੁਣ ਗਾਵਹਿ ਪੂਰਨ ਪਰਮੇਸਰੁ ਕਾਰਜੁ ਆਇਆ ਰਾਸੇ ॥ ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥ ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ ॥ ੧ ॥ [੪]

[੪] ਪੰਨਾ ੭੮੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਏਹੁ ਮੁਖਵਾਕ ਆਵਨ ਪ੍ਰ ਮਹਾਰਾਜ ਜੀ ਨੇ ਆਪਨੇ ਮੁਖਾਰਬਿੰਦ ਤੋਂ ਏਸ ਜਗਾਹ ਦਾ ਵ ਇਸ ਅਸਥਾਨ ਦਾ ਨਾਮ ਅਬਚਲ ਨਗਰ ਰਖਿਆ। ਮਹਾਰਾਜ ਜੀ ਦੇ ਪ੍ਰਲੋਕ ਜਾਨ ਦੀ ਖ਼ਬਰ ਨਾਂਦੇੜ ਸ਼ਹਿਰ ਵਿਚ, ਦਖਨ ਦੇਸ਼ ਵਿਚ ਬਿਜਲੀ ਦੀ ਤ੍ਰਾਂ ਏਕ ਦਮ ਫੈਲ ਗਈ।

ਏਹ ਖ਼ਬਰ ਸੁਨਦੇ ਸਾਰ ਹੀ ਸੰਗਤਾਂ ਦੂਰੋਂ ਦੂਰੋਂ ਤੋਂ ਚਲਕੇ ਪਹੁੰਚਨ ਲਗ ਪਈਆਂ। ਸੱਚੇ ਪਾਤਸ਼ਾਹ ਸਿੰਘਾਸਨ ਪ੍ਰ ਬੈਠੇ ਸ੍ਰਬਤ ਸੰਗਤਾਂ ਨੂੰ ਦਰਸ਼ਨ ਦੇ ਰਹੇ ਸੀ। ਦੋਨੋਂ ਟੈਮ ਕਥਾ ਕੀਰਤਨ ਤੋਂ ਬਾਦ ਦਸ਼ਮੇਸ਼ ਪਿਤਾ ਜੀ ਰਹਿਤ ਮ੍ਰਿਯਾਦਾ ਦਾ ਉਪਦੇਸ਼ ਕਰਦੇ ਸਨ ਔਰ ਜੱਥੇਬੰਦ ਰਹਿਨ ਦਾ ਉਪਦੇਸ਼ ਕਰਦੇ ਸਨ। ਬਾਣ ਬਾਣੀ ਵਿਚੁ ਰਹਿਨ ਪ੍ਰਚਾਰ ਸੰਗਤਾਂ ਪ੍ਰਤੀ ਸੁਨਾ ਰਹੇ ਸਨ ਕਿ ਖ਼ਾਲਸਾ ਜੀ, ਮੈਂ ਤੁਹਾਨੂੰ ਏਕ ਬਾਟੇ ਵਿਚ, ਏਕ ਥਾਲੀ ਵਿਚ ਸਗੇ ਭਾਈ ਬੈਠਕੇ ਛਕਦੇ ਹਨ ਯਾ ਗੂੜ੍ਹੇ ਮਿਤ੍ਰ ਛਕਦੇ ਹਨ। ਸੋ ਖ਼ਾਲਸਾ ਜੀ, ਤੁਸੀਂ ਭਾਈਆਂ ਤੋਂ ਵਧ ਕੇ ਆਪਸ ਵਿਚ ਪਿਆਰ ਰਖਨਾ ਔਰ ਜਥੇਬੰਦੀ ਅਕਾਲ ਪੁਰਖੁ ਗੁਰੂ ਨਾਨਕ ਸਾਹਿਬ ਜੀ ਦੀ ਕ੍ਰਿਪਾਲਤਾ ਦੁਆਰਾ ਹਰ ਮੈਦਾਨ ਫ਼ਤ੍ਹੇ ਰਹੇਗੀ। ਇਤਆਦਿਕ ਬੇਅੰਤ ਸਿਖਿਆ ਮਹਾਰਾਜ ਸੁਨਾਂਵਦੇ ਰਹੇ ਔਰ ਆਪੁ ਮਹਾਰਾਜ ਜੀ ਬਸੰਤੀ ਪੁਸ਼ਾਕ ਪਹਿਨ ਕਰ ਸ਼ਸ਼ਤ੍ਰ ਬਸਤ੍ਰ ਸਜਾ ਕਰ ਦੀਵਾਨ ਵਿਚ ਇਸਤ੍ਰਾਂ ਸ਼ੋਭਾ ਦੇ ਰਹੇ ਸਨ, ਜਿਸਤ੍ਰਾਂ ਪੂਰਨਮਾਸੀ ਦੇ ਰਾਤ ਨੂੰ ਤਾਰਾ ਮੰਡਲ ਦੇ ਵਿਚ ਚੰਦ੍ਰਮਾ ਸ਼ੋਭਾ ਦੇਂਦਾ ਹੈ। ਉਸ ਵਕਤ ਮਹਾਰਾਜ ਜੀ ਦਾ ਤੇਜ ਐਸਾ ਜੱਗਮੱਗ ਹੋ ਰਿਹਾ ਸੀ ਕਿ ਉਨ੍ਹਾਂ ਵਲ ਨਿਗਾਹ ਲਾ ਕੇ ਦੇਖ ਨਹੀਂ ਜਾ ਸਕਦਾ ਸੀ। ਇਤਨਾ ਪ੍ਰਸੰਗ ਸੁਨਾ ਕਰ ਪੂਜਾਰੀ ਹੀਰਾ ਸਿੰਘ ਜੀ ਨੇ ਕਿਹਾ ਕਿ ਚਲੋ ਸਾਧ ਸੰਗਤ ਜੀ ਸਚਖੰਡ ਭੋਗ ਦਾ ਟੈਮ ਹੋ ਗਿਆ ਹੈ। ਮਹਾਰਾਜ ਜੀ ਨੂੰ ਭੋਗ ਲਗਾਈਏ। ਪੂਜਾਰੀ ਹੀਰਾ ਸਿੰਘ ਜੀ ਸਚਖੰਡ ਤਖ਼ਤ ਸਾਹਿਬ ਤੇ ਆਏ ਔਰ ਰਾਗੀ ਸਿੰਘਾਂ ਨੇ ਅਨੰਦ ਸਾਹਿਬ ਕੀਰਤਨ ਕੀਆ। ਲਾਂਗਰੀ ਸਿੰਘ ਪ੍ਰਸਾਇ ਲਿਆਏ। ਅ੍ਰਦਾਸਾ ਸੋਧ ਕਰ ਭੋਗ ਲਗਾਯਾ ਗਯਾ ਹੈ। ਸ੍ਰਬਤ ਸਾਧ ਸੰਗਤ ਵਿਚੁ ਪ੍ਰਸਾਦਿ ਵਰਤ ਗਯਾ। ਪੂਜਾਰੀ ਸਿੰਘ ਜੀ ਮਹਾਰਾਜ ਜੀ ਦਾ ਬਿਸ੍ਰਾਮ ਕਰਾ ਕੇ ਬੁੰਗੇ ਨੂੰ ਚਲੇ ਗਏ ਔਰ ਨਿਤ ਦੀ ਮ੍ਰਿਜਾਦਾ ਅਨੁਸਾਰ ਗਿਆਨੀ ਸਿੰਘ ਜੀ ਦਸਮ ਗੁਰੂ ਗ੍ਰਿੰਥ ਸਾਹਿਬ ਜੀ ਦੀ ਕਥਾ ਕਰਨ ਲਗੇ। ਸੰਗਤ ਬੈਠੀ ਕਥਾ ਸ੍ਰਵਣ ਕਰਦੀ ਰਹੀ। ਕਥਾ ਦੀ ਸਮਾਪਤੀ ਤੋਂ ਬਾਦ ਸੰਗਤਾਂ ਨੇ ਗਿਆਨੀ ਮੇਹਰ ਸਿੰਘ ਜੀ, ਜੋ ਉਸ ਵਕਤ ਤਖ਼ਤ ਸਾਹਿਬ ਦੇ ਹਜ਼ੂਰੀ ਗਿਆਨੀ ਸਨ, ਗਿਆਨੀ ਸਿੰਘ ਜੀ ਬੜੇ ਪੂਜਾਰੀ ਸਿੰਘ ਜੀ ਨੇ ਇਥੋਂ ਦਾ ਪ੍ਰਸੰਗ ਬੜੇ ਪ੍ਰੇਮ ਦਾ ਸੁਨਾ ਰਹੇ ਸਨ, ਮਗ੍ਰ ਭੋਗ ਦਾ ਟੈਮ ਹੋਣਿ ਕਰਕੇ ਓਹ ਪ੍ਰਸੰਗ ਵਿੱਚੇ ਹੀ ਰਹਿ ਗਯਾ ਹੈ। ਉਸ ਤੋਂ ਅੱਗੇ ਸੁਣਾਉਨ ਦੀ ਕ੍ਰਿਪਾਲਤਾ ਕਰੋ। ਗਿਆਨੀ ਸਿੰਘ ਜੀ ਪੁੱਛਿਆ ਕਿ ਪੂਜਾਰੀ ਸਿੰਘ ਜੀ ਨੇ ਕਿੱਥੋਂ ਤਕ ਪ੍ਰਸੰਗ ਆਪ ਨੂੰ ਸੁਨਾਇਆ ਹੈ ? ਸੰਗਤ ਨੇ ਕਿਹਾ ਕਿ ਗਿਆਨੀ ਮਹਾਰਾਜ ਸੱਚੇ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦੇ ਕੇ ਔਰ ਸੰਗਤਾਂ ਨੂੰ ਔਰ ਖ਼ਾਲਸੇ ਪ੍ਰਤੀ ਏਕਤਾ ਦਾ, ਜੱਥੇਬੰਦੀ ਦਾ ਔਰ ਰਹਿਤ ਮ੍ਰਿਜਾਦਾ ਦਾ ਉਪਦੇਸ਼ ਸੁਨਾ ਰਹੇ ਸਨ। ਇਸ ਤੋਂ ਅੱਗੇ ਗਿਆਨੀ ਸਿੰਘ ਨੇ ਫੁਰਮਾਯਾ, 'ਕਲਗੀਧ੍ਰ ਜੀ ਨੇ ਭਾਈ ਸੰਤੋਖ ਸਿੰਘ ਜੀ ਨੂੰ ਜੱਥੇਦਾਰ ਥਾਪਿਆ ਔਰ ਆਗਿਯਾ ਕਰੀ ਕਿ ਇਸ ਅਸਥਾਨ ਦਾ ਪਹਿਰਾ ਦੇਨਾ ਔਰ ਸੰਭਾਲ ਰਖਨੀ ਅਤੇ ਲੰਗ੍ਰ ਦੇਗ਼ ਆਦਿਕ ਚਲਾਉਂਦੇ ਰਹਿਨਾ ਔਰ ਨਾਲ ਹੀ ਉਨ੍ਹਾਂ ਨੂੰ ਕਰੜੀ ਹਿਦਾਯਤ ਕੀਤੀ ਕਿ ਇਥੇ ਮਹਿਲ ਨ ਬਨਾਏ। ਕੋਈ

ਸਿੱਖ, ਜੋ ਮਹਿਲ ਬਨਾਏਗਾ, ਉਸ ਕੀ ਕੁਲ ਗਲ ਜਾਵੇਗੀ [੫] । ਕਵੀ ਭਾਈ ਸੰਤੋਖ ਸਿੰਘ ਜੀ ਨੇ ਗੁਰਪ੍ਰਤਾਪ ਸੂਰਜ ਗ੍ਰਿੰਥ ਮੇ ਏਹ ਪ੍ਰਸੰਗ ਇਸਤ੍ਰਾਂ ਦਿੱਤਾ ਹੈ : -

ਇਸ ਥਲ ਰਹਹੁ ਦੇਗ ਬਰਤਾਵਹੁ ॥ ਸ਼ਰਧਾਜੁਤਿ ਸੋ ਸਿੰਘ ਟਿਕਾਵਹੁ ॥ ਦਰਬ ਅਸੰਖ ਇਹਾਂ ਜੋ ਆਇ । ਤਿਸ ਤੇ ਨਹਿੰ ਮੰਦਿਰ ਚਿਨਵਾਇ ॥੧੧॥ ਸਕਲ ਦੇਗ ਪਰ ਦੇਹੁ ਲਗਾਈ । ਪੰਚਾਂਮ੍ਰਿਤ ਆਦਿਕ ਕਰਿਵਾਈ । ਚਿਨਹਿ ਮਹਿਲ ਤਿਸ ਕੁਲ ਗਲ ਜਾਇ । ਯਾਂਤੇ ਕਹੀ ਨਹੀਂ ਬਿਸਰਾਇ ॥੧੨॥ ਤਬਿ ਸੰਤੋਖ ਸਿੰਘ ਕਰ ਜੋਰੇ ॥ ਸਿਖ ਸੰਗਤਿ ਨਾਂਹਿਨ ਇਤ ਓਰੇ । ਕਿਸ ਤੇ ਲੇ ਧਨ ਦੇਗ ਚਲਾਵੈਂ ॥ ਰਹੈਂ ਸਿੰਘ ਸੋ ਕਿਸ ਤੇ ਖਾਵੈਂ ॥੧੩॥ ਸ੍ਰੀ ਮੁਖ ਤੇ ਤਬਿ ਧੀਰਜ ਦੀਨ । ਦੇਸ ਨ ਰਹੈ ਸਿੰਘ ਤੇ ਹੀਨ । ਇਕ ਦੁਇ ਬਿੰਦ੍ਰਕ ਇਹਾਂ ਬਨੈ ਹੈਂ । ਜੇ ਸੰਪੂਰਨ ਦੇਗ ਚਲੈ ਹੈਂ ॥੧੪॥ ਕਰਹੁ ਪਕਾਵਨ ਦਿਹੁ ਵਰਤਾਇ ॥ ਧਨ ਕੀ ਚਿੰਤ ਨ ਕਰੀਯਹਿ ਕਾਇ ॥ ਇਮ ਸੁਨਿ ਸਭਿਹਿਨ ਸੀਸ ਨਿਵਾਏ । ਦਈ ਕਈ ਪ੍ਰਦਛਿਨਾ ਥਿਰ ਚਹੁੰ ਘਾਏ ॥ (ਗੁ: ਪ੍ਰਤਾਪ ਸੂਰਜ, ਐਨ ੨, ਅੰਸੂ ੨੪, ਸਫ਼ਾ ੬੩੩੫) [੬]

ਸ੍ਰੀ ਗੁਰੂ ਜੀ ਦੇ ਨਜ਼ੀਕੀ ਸਿੰਘ ਭਾਈ ਸੰਤੋਖ ਸਿੰਘ ਜੀ ਇਸ ਅਸਥਾਨ ਅੰਗੀਠਾ ਸਾਹਿਬ ਦੀ ਸੁਰਤ ਸੰਭਾਲ ਕਰਦੇ ਸਨ । ਗਿਆਨੀ ਸਿੰਘ ਜੀ ਨੇ ਸੰਗਤਾਂ ਪ੍ਰਤੀ ਸੁਨਾਯਾ ਕਿ ਸੂਰਜ ਪ੍ਰਕਾਸ ਗੁਰ ਪ੍ਰਤਾਪ ਦੇਹ ਵਾਲੇ । ਅਨੁਸਾਰ ਕਲਗੀਧਰ ਦਸ਼ਮੇਸ਼ ਪਿਤਾ ਜੀ ਨੇ ਇਸ ਅਸਥਾਨ ਵ ਇਸ ਜਗ੍ਹਾ ਪ੍ਰ ਦੇਗ ਚਲਾਵਣ ਦਾ ਹੁਕਮ ਕੀਤਾ ਸੀ । ਦੇਗ ਦਾ ਅ੍ਰਥ ਲੰਗ੍ਰ, ਜਿਸ ਤੇ ਆਏ ਗਏ ਸਾਧ ਅਤੀਤ ਸੰਗਤ ਕੀ ਸੇਵਾ ਹੁੰਦੀ ਰਹੇ ।

ਇਤਨਾ ਪ੍ਰਸੰਗ ਸੁਨਾ ਕਰ ਗਿਆਨੀ ਸਿੰਘ ਜੀ ਨੇ ਕਿਹਾ ਕਿ ਸਾਧ ਸੰਗਤ ਜੀਓ, ਇਸ ਵਕਤ ਲੰਗ੍ਰ ਦਾ ਟੈਮ ਹੈ । ਆਪ ਜਾਉ ਪ੍ਰਸਾਦਾ ਛਕੋ ਲੰਗ੍ਰ ਮੇ । ਹਮਾਰੇ ਕੋ ਭੀ ਕਾਮ ਹੈ । ਫੇਰ ਮੌਕਾ ਮਿਲਾ, ਤੋ ਔਰ ਪ੍ਰਸੰਗ ਆਪ ਕੋ ਸੁਨਾਇੰਗੇ ।

---

[੫] ਗੁਰੂ ਸਾਹਿਬ ਜੀ ਦੇ ਅੰਗੀਠੇ ਉੱਪਰ ਇਮਾਰਤ ਬਣਾਉਣ ਵਾਲੇ ਦੀ ਕੁੱਲ ਗਲ਼ ਜਾਣ ਦੀ ਗੱਲ ਕਵੀ ਸੈਨਾਪਤੀ (ਸ੍ਰੀ ਗੁਰ ਸੋਭਾ), ਕਵੀ ਕੁਇਰ ਸਿੰਘ (ਗੁਰਬਿਲਾਸ), ਕਵੀ ਸੁੱਖਾ ਸਿੰਘ (ਗੁਰਬਿਲਾਸ) ਅਤੇ ਕੇਸਰ ਸਿੰਘ ਛਿੱਬਰ (ਬੰਸਾਵਲੀ-ਨਾਮਾ ਦਸਾਂ ਪਾਤਸ਼ਾਹੀਆਂ ਕਾ) ਨੇ ਨਹੀਂ ਲਿਖੀ । ਅਜਿਹੀ ਗੱਲ ਬਾਅਦ ਵਿੱਚ ਪ੍ਰਚੱਲਿਤ ਕੀਤੀ ਗਈ ।

[੬] ਸਿੰਘ ਸਾਹਿਬ ਜੀ ਵੱਲੋਂ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਅਸ਼ੁੱਧ ਪਾਠ ਦਿੱਤਾ ਗਿਆ ਸੀ, ਜਿਸ ਨੂੰ ਇੱਥੇ ਸੋਧ ਕੇ ਦੇ ਦਿੱਤਾ ਗਿਆ ਹੈ ।